BC Epilepsy Society

## ਮਿਰਗੀ ਅਤੇ ਏ ਡੀ ਐੱਚ ਡੀ (Epilepsy and ADHD)

*ਵਲੋਂ ਡਾਕਟਰ Sare Akdag, RPsych*

ਜਿਨ੍ਹਾਂ ਬੱਚਿਆਂ ਵਿਚ ਮਿਰਗੀ ਦੀ ਪਛਾਣ ਹੁੰਦੀ ਹੈ, ਉਨ੍ਹਾਂ ਨੂੰ ਧਿਆਨ ਦੇਣ ਅਤੇ ਵਤੀਰੇ ਦੀਆਂ ਸਮੱਸਿਆਵਾਂ ਦਾ ਜ਼ਿਆਦਾ ਖਤਰਾ ਹੁੰਦਾ ਹੈ। ਅਕਸਰ, ਧਿਆਨ ਦੇਣ ਅਤੇ ਵਤੀਰੇ ਦੀਆਂ ਇਹ ਸਮੱਸਿਆਵਾਂ ਇੰਨੀਆਂ ਕੁ ਗੰਭੀਰ ਹੁੰਦੀਆਂ ਹਨ ਕਿ ਇਹ ਘਰ ਅਤੇ ਸਕੂਲ ਵਿਚ ਬੱਚੇ ਦੇ ਕਾਰਜਾਂ ਵਿਚ ਦਖਲਅੰਦਾਜ਼ੀ ਕਰਦੀਆਂ ਹਨ ਅਤੇ ਬੱਚੇ ਨੂੰ ਅਟੈਨਸ਼ਨ ਡੈਫੇਸਿਟ/ਹਾਈਪਰਐਕਟੀਵਿਟੀ ਡਿਸਔਰਡਰ (ਏ ਡੀ ਐੱਚ ਡੀ) ਵਾਲੇ ਬਣਾਉਂਦੀਆਂ ਹਨ। ਅਸਲੀਅਤ ਵਿਚ, ਜਿਨ੍ਹਾਂ ਬੱਚਿਆਂ ਵਿਚ ਮਿਰਗੀ ਦੀ ਪਛਾਣ ਹੁੰਦੀ ਹੈ ਉਨ੍ਹਾਂ ਵਿੱਚੋਂ 25-30 ਫੀ ਸਦੀ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਦਿਖਾਉਂਦੇ ਹਨ। ਮਿਰਗੀ ਵਾਲੇ ਬੱਚਿਆਂ ਵਿਚ, ਹੋਰ ਮੈਡੀਕਲ ਵਿਗਾੜਾਂ ਜਾਂ ਆਮ ਬੱਚਿਆਂ ਨਾਲੋਂ ਏ ਡੀ ਐੱਚ ਡੀ ਦੀ ਪਛਾਣ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਇਸ ਕਰਕੇ ਆਮ ਸੰਭਾਲ ਅਤੇ ਮਿਰਗੀ ਦੇ ਪ੍ਰਬੰਧ ਦੇ ਹਿੱਸੇ ਵਜੋਂ ਮਿਰਗੀ ਵਾਲੇ ਬੱਚਿਆਂ ਦੀ ਏ ਡੀ ਐੱਚ ਡੀ ਜਾਂ ਧਿਆਨ ਦੇਣ ਦੀਆਂ ਸਮੱਸਿਆਵਾਂ ਦੀ ਜਾਂਚ ਕਰਨਾ ਜ਼ਰੂਰੀ ਹੈ।

### ਏ ਡੀ ਐੱਚ ਡੀ ਕੀ ਹੈ?

ਅਟੈਨਸ਼ਨ ਡੈਫੇਸਿਟ/ਹਾਈਪਰਐਕਟੀਵਿਟੀ ਡਿਸਔਰਡਰ (ਏ ਡੀ ਐੱਚ ਡੀ) ਇਕ ਨਿਊਰੋਬਹੈਵੀਅਰਲ ਵਿਗਾੜ ਹੈ ਜੋ ਕਿ ਆਮ ਆਬਾਦੀ ਵਿਚ ਤਕਰੀਬਨ 3-7 ਫੀ ਸਦੀ ਬੱਚਿਆਂ 'ਤੇ ਅਸਰ ਪਾਉਂਦਾ ਹੈ। ਇਹ ਬੇਧਿਆਨੀ ਅਤੇ/ਜਾਂ ਬਹੁਤ ਜ਼ਿਆਦਾ ਹਿਲਜੁਲ-ਮਨੋਵੇਗ ਦੀਆਂ ਵਾਰ ਵਾਰ ਆਉਣ ਵਾਲੀਆਂ ਗੰਭੀਰ ਸਮੱਸਿਆਵਾਂ ਨਾਲ ਬਿਆਨ ਕੀਤਾ ਜਾਂਦਾ ਹੈ। ਏ ਡੀ ਐੱਚ ਡੀ ਦੀ ਪਛਾਣ ਕਰਨ ਲਈ, ਨਿਸ਼ਾਨੀਆਂ ਦੋ ਜਾਂ ਜ਼ਿਆਦਾ ਮਾਹੌਲਾਂ ਵਿਚ ਮੌਜੂਦ ਹੋਣੀਆਂ ਜ਼ਰੂਰੀ ਹਨ (ਉਦਾਹਰਣ ਲਈ, ਘਰ ਅਤੇ ਸਕੂਲ ਦੋਨਾਂ ਵਿਚ) ਅਤੇ ਇੰਨੀਆਂ ਕੁ ਗੰਭੀਰ ਹੋਣੀਆਂ ਚਾਹੀਦੀਆਂ ਹਨ ਕਿ ਇਹ ਇਨ੍ਹਾਂ ਮਾਹੌਲਾਂ ਵਿਚ ਬੱਚੇ ਦੇ ਕਾਰਜਾਂ ਨੂੰ ਕਮਜ਼ੋਰ ਕਰਦੀਆਂ ਹੋਣ। ਪ੍ਰਾਇਮਰੀ ਏ ਡੀ ਐੱਚ ਡੀ (ਜਿਹੜਾ ਏ ਡੀ ਐੱਚ ਡੀ ਕਿਸੇ ਬੀਮਾਰੀ ਜਾਂ ਹੋਰ ਕਾਰਨ ਕਰਕੇ ਨਹੀਂ ਹੁੰਦਾ) ਜਮਾਂਦਰੂ ਹੁੰਦਾ ਹੈ ਅਤੇ ਇਸ ਦੀਆਂ ਨਿਸ਼ਾਨੀਆਂ ਬੱਚੇ ਦੇ 7 ਸਾਲ ਦੇ ਹੋ ਜਾਣ ਤੋਂ ਪਹਿਲਾਂ ਮੌਜੂਦ ਹੁੰਦੀਆਂ ਹਨ। ਏ ਡੀ ਐੱਚ ਡੀ ਦੀਆਂ ਵੱਖ ਵੱਖ ਉੱਪ ਕਿਸਮਾਂ ਹਨ: (1) ਪ੍ਰਾਇਮਰਲੀ ਇਨਅਟੈਨਟਿਵ - ਸਮੱਸਿਆਵਾਂ ਬਹੁਤਾ ਕਰਕੇ ਧਿਆਨ ਨਾ ਦੇਣ ਦੇ ਏਰੀਏ ਦੀਆਂ ਹਨ (ਉਦਾਹਰਣ ਲਈ, ਬੱਚਾ ਵੇਰਵਿਆਂ ਵੱਲ ਨੇੜਿਉਂ ਧਿਆਨ ਦੇਣ ਵਿਚ ਫੇਲ੍ਹ ਹੁੰਦਾ ਹੈ, ਜ਼ਿਆਦਾ ਸਮਾਂ ਧਿਆਨ ਕਾਇਮ ਰੱਖਣ ਵਿਚ ਮੁਸ਼ਕਲ ਆਉਂਦੀ ਹੈ, ਪ੍ਰੋਜੈਕਟ ਕਰਨ ਜਾਂ ਖਤਮ ਹੋਣ ਵਿਚ ਮੁਸ਼ਕਲ ਆਉਂਦੀ ਹੈ) - ਅਤੇ ਹਾਈਪਰਐਕਟੀਵਿਟੀ (ਜ਼ਿਆਦਾ ਹਿਲਜੁਲ) ਜਾਂ ਮਨੋਵੇਗੀ ਵਤੀਰੇ ਦੀਆਂ ਬਹੁਤੀਆਂ ਸਮੱਸਿਆਵਾਂ ਨਹੀਂ ਹਨ; (2) ਪ੍ਰਾਇਮਰਲੀ ਹਾਈਪਰਐਕਟਿਵ/ਇਮਪਲਸਿਵ - ਸਮੱਸਿਆਵਾਂ ਜ਼ਿਆਦਾ ਕਰਕੇ ਹਾਈਪਰਐਕਟੀਵਿਟੀ ਅਤੇ ਵਤੀਰੇ ਨਾਲ ਸੰਬੰਧਿਤ ਹੁੰਦੀਆਂ ਹਨ (ਉਦਾਹਰਣ ਲਈ ਬੱਚਾ ਕਾਹਲਾ ਪੈਂਦਾ ਜਾਂ ਤਰਲੋਮੱਛੀ ਹੁੰਦਾ ਹੈ, ਇਸ ਤਰ੍ਹਾਂ ਲੱਗਦਾ ਹੈ ਜਿਵੇਂ "ਮੋਟਰ ਨਾਲ ਚੱਲਦਾ ਹੈ", ਵਾਰੀ ਦੀ ਉਡੀਕ ਕਰਨ ਵਿਚ ਮੁਸ਼ਕਲ ਹੈ, ਦੂਜਿਆਂ ਵਿਚ ਵਿਘਨ ਪਾਉਂਦਾ ਹੈ) - ਅਤੇ ਬੇਧਿਆਨੀ ਦੀਆਂ ਬਹੁਤੀਆਂ ਸਮੱਸਿਆਵਾਂ ਨਹੀਂ ਹਨ; (3) ਸਾਂਝੀ ਕਿਸਮ - ਬੇਧਿਆਨੀ ਅਤੇ ਹਾਈਪਰਐਕਟੀਵਿਟੀ/ਮਨੋਵੇਗਤਾ ਦੋਨਾਂ ਦੀਆਂ ਕਾਫੀ ਸਮੱਸਿਆਵਾਂ ਹਨ।

ਏ ਡੀ ਐੱਚ ਡੀ ਦੀ ਪਛਾਣ ਆਮ ਤੌਰ 'ਤੇ ਕਿਸੇ ਸਿਹਤ ਮਾਹਰ ਵਲੋਂ ਕੀਤੀ ਜਾਂਦੀ ਹੈ। ਸਮੱਸਿਆਵਾਂ ਦੀ ਗੰਭੀਰਤਾ ਅਤੇ ਉਨ੍ਹਾਂ ਮਾਹੌਲਾਂ ਦਾ ਪਤਾ ਲਾਉਣ ਲਈ ਜਿਨ੍ਹਾਂ ਵਿਚ ਇਹ ਮੌਜੂਦ ਹੁੰਦਾ ਹੈ, ਜਾਣਕਾਰੀ ਕਈ ਸ੍ਰੋਤਾਂ ਤੋਂ ਇਕੱਠੀ ਕੀਤੀ ਜਾਂਦੀ ਹੈ (ਉਦਾਹਰਣ ਲਈ, ਮਾਪਿਆਂ ਅਤੇ ਟੀਚਰਾਂ ਦੋਨਾਂ ਤੋਂ)। ਪਛਾਣ ਕਰਨ ਦੇ ਕਾਰਜ ਦੇ ਹਿੱਸੇ ਵਜੋਂ, ਕੋਈ ਸਿਹਤ ਮਾਹਰ ਮਾਪਿਆਂ, ਟੀਚਰਾਂ ਅਤੇ ਬੱਚੇ ਨਾਲ ਇੰਟਰਵਿਊ ਕਰ ਸਕਦਾ ਹੈ ਅਤੇ ਮਾਪਿਆਂ ਅਤੇ ਟੀਚਰਾਂ ਨੂੰ ਵਤੀਰੇ ਨੂੰ ਦਰਜਾ ਦੇਣ ਵਾਲੇ ਸਕੇਲ ਭਰਨ ਲਈ ਕਹਿ ਸਕਦਾ ਹੈ ਅਤੇ ਬੱਚੇ ਦੇ ਧਿਆਨ ਦੇਣ ਅਤੇ ਬੁੱਧੀ ਦੇ ਕਾਰਜ ਦੀ ਰਸਮੀ ਅਸੈੱਸਮੈਂਟ ਤਿਆਰ ਕਰ ਸਕਦਾ ਹੈ।

### ਮਿਰਗੀ ਵਿਚ ਏ ਡੀ ਐੱਚ ਡੀ ਅਤੇ ਧਿਆਨ ਦੇਣ ਦੀਆਂ ਸਮੱਸਿਆਵਾਂ ਇੰਨੀਆਂ ਆਮ ਕਿਉਂ ਹਨ?

ਇਸ ਚੀਜ਼ ਦੇ ਕਈ ਕਾਰਨ ਹਨ ਕਿ ਏ ਡੀ ਐੱਚ ਡੀ ਅਤੇ ਧਿਆਨ ਦੇਣ ਦੀਆਂ ਸਮੱਸਿਆਵਾਂ ਮਿਰਗੀ ਵਾਲੇ ਲੋਕਾਂ ਵਿਚ ਆਮ ਕਿਉਂ ਦੇਖੀਆਂ ਜਾਂਦੀਆਂ ਹਨ। ਏ ਡੀ ਐੱਚ ਡੀ ਇਕ ਨਿਊਰੋਬਹੈਵੀਅਰਲ ਵਿਗਾੜ ਹੈ ਜੋ ਕਿ ਦਿਮਾਗ ਦੇ ਸਾਹਮਣੇ ਵਾਲੇ ਪਾਸੇ ਦੇ ਧਾਰੀਦਾਰ ਚਿੱਟੇ ਮਾਦੇ ਦੇ ਨੈੱਟਵਰਕਾਂ ਵਿਚ ਵਿਘਨ ਦਾ ਨਤੀਜਾ ਹੈ। ਸਮੇਂ ਸਮੇਂ ਦਿਮਾਗ ਦੇ ਇਨ੍ਹਾਂ ਨੈੱਟਵਰਕਾਂ ਵਿਚ ਸੀਜ਼ਰ ਜਾ ਦਿਮਾਗ ਦੇ ਢਾਂਚੇ ਦੀਆਂ ਅਸਾਧਾਰਣਤਾਵਾਂ ਵਿਘਨ ਪਾਉਂਦੇ ਹਨ ਜਿਸ ਨਾਲ ਸੀਜ਼ਰ ਹੋ ਸਕਦੇ ਹਨ। ਜੇ ਮਿਰਗੀ ਵਾਲੇ ਕਿਸੇ ਵਿਅਕਤੀ ਦੇ ਦਿਮਾਗ ਦੀਆਂ ਇਨ੍ਹਾਂ ਥਾਂਵਾਂ ਵਿਚ ਵਿਘਨ ਪੈਣ ਜਾਂ ਅਸਾਧਾਰਣਤਾਵਾਂ ਹੋਣ ਤਾਂ ਉਨ੍ਹਾਂ ਨੂੰ ਉਸੇ ਕਿਸਮ ਦੀ ਸੋਚਣੀ ਜਾਂ ਵਤੀਰੇ ਦੀਆਂ ਸਮੱਸਿਆਵਾਂ ਨਾਲ ਜੱਦੋਜਹਿਦ ਕਰਨੀ ਪੈ ਸਕਦੀ ਹੈ ਜਿਸ ਤਰ੍ਹਾਂ ਦੀ ਏ ਡੀ ਐੱਚ ਡੀ ਵਿਚ ਦੇਖੀ ਜਾਂਦੀ ਹੈ। ਇਸ ਤੋਂ ਇਲਾਵਾ, ਅਗੇਤੀ ਉਮਰ ਵਿਚ ਸੀਜ਼ਰ ਸ਼ੁਰੂ ਹੋਣ ਵਾਲੇ ਲੋਕਾਂ ਨੂੰ ਉਨ੍ਹਾਂ ਲੋਕਾਂ ਨਾਲੋਂ ਏ ਡੀ ਐੱਚ ਡੀ ਹੋਣ ਦਾ ਖਤਰਾ ਜ਼ਿਆਦਾ ਹੁੰਦਾ ਹੈ ਜਿਨ੍ਹਾਂ ਨੂੰ ਸੀਜ਼ਰ ਜ਼ਿੰਦਗੀ ਵਿਚ ਲੇਟ ਸ਼ੁਰੂ ਹੁੰਦੇ ਹਨ, ਸ਼ਾਇਦ ਇਸ ਕਰਕੇ ਕਿਉਂਕਿ ਅਗੇਤੇ ਸ਼ੁਰੂ ਹੋਏ

ਸੀਜ਼ਰ ਉਸ ਤਰੀਕੇ ’ਤੇ ਅਸਰ ਕਰ ਸਕਦੇ ਹਨ ਜਿਸ ਤਰੀਕੇ ਨਾਲ ਬਚਪਨ ਦੌਰਾਨ ਦਿਮਾਗ ਦਾ ਮੂਹਰਲਾ ਨੈੱਟਵਰਕ ਵਿਕਸਤ ਹੁੰਦਾ ਹੈ। ਸੀਜ਼ਰਾਂ ਦੀ ਦਰ ਅਤੇ ਗੰਭੀਰਤਾ ਵੀ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਨਾਲ ਸੰਬੰਧਿਤ ਦਿਖਾਈ ਦਿੰਦੇ ਹਨ, ਅਤੇ ਸੀਜ਼ਰਾਂ ਦੀ ਜ਼ਿਆਦਾ ਦਰ ਅਤੇ/ਜਾਂ ਜ਼ਿਆਦਾ ਗੰਭੀਰ ਸੀਜ਼ਰਾਂ ਵਾਲੇ ਲੋਕਾਂ ਵਿਚ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਦੀ ਜ਼ਿਆਦਾ ਮਾਤਰਾ ਹੁੰਦੀ ਹੈ। ਇਸ ਤੋਂ ਇਲਾਵਾ, ਮਿਰਗੀ ਦੇ ਇਲਾਜ ਦੀਆਂ ਕੁਝ ਦਵਾਈਆਂ (ਏ ਈ ਡੀਜ਼) ਦੇ ਅਣਚਾਹੇ ਸਾਈਡ ਇਫੈਕਟ ਹੋ ਸਕਦੇ ਹਨ ਜਿਨ੍ਹਾਂ ਦਾ ਸਿੱਟਾ ਬੇਧਿਆਨੀ ਜਾਂ ਏ ਡੀ ਐੱਚ ਡੀ ਵਰਗੀਆਂ ਨਿਸ਼ਾਨੀਆਂ ਵਿਚ ਨਿਕਲ ਸਕਦਾ ਹੈ।

## ਕੀ ਪ੍ਰਾਇਮਰੀ ਏ ਡੀ ਐੱਚ ਡੀ ਅਤੇ ਮਿਰਗੀ ਨਾਲ ਸੰਬੰਧਿਤ ਏ ਡੀ ਐੱਚ ਡੀ ਵਿਚ ਕੋਈ ਫਰਕ ਹਨ?

ਮਿਰਗੀ ਵਿਚ ਏ ਡੀ ਐੱਚ ਡੀ ਬਾਰੇ ਹੋਈ ਖੋਜ ਇਹ ਸੁਝਾਅ ਦਿੰਦੀ ਹੈ ਕਿ ਮਿਰਗੀ ਵਾਲੇ ਬੱਚੇ ਅਕਸਰ ਏ ਡੀ ਐੱਚ ਡੀ ਦੀ ਮੁਢਲੀ ਬੇਧਿਆਨੀ ਦੀ ਕਿਸਮ ਦੀਆਂ ਨਿਸ਼ਾਨੀਆਂ ਉਨ੍ਹਾਂ ਨਾਲੋਂ ਜ਼ਿਆਦਾ ਦਿਖਾਉਂਦੇ ਹਨ ਜਿੰਨੀਆਂ ਉਹ ਏ ਡੀ ਐੱਚ ਡੀ ਦੀਆਂ ਹੋਰ ਉਪ ਕਿਸਮਾਂ ਦੀਆਂ ਦਿਖਾਉਂਦੇ ਹਨ। ਇਸ ਤੋਂ ਇਲਾਵਾ, ਭਾਵੇਂ ਕਿ ਪ੍ਰਾਇਮਰੀ ਏ ਡੀ ਐੱਚ ਡੀ ਦੀ ਪਛਾਣ ਆਮ ਆਬਾਦੀ ਵਿਚ ਕੁੜੀਆਂ ਨਾਲੋਂ ਮੁੰਡਿਆਂ ਵਿਚ ਜ਼ਿਆਦਾ ਹੁੰਦੀ ਹੈ, ਪਰ ਮਿਰਗੀ ਵਾਲੇ ਲੋਕਾਂ ਦੀ ਆਬਾਦੀ ਵਿਚ ਏ ਡੀ ਐੱਚ ਡੀ ਦੀ ਪਛਾਣ ਵਿਚ ਕੋਈ ਮਹੱਤਵਪੂਰਨ ਲਿੰਗ ਫਰਕ ਨਹੀਂ ਦੇਖਿਆ ਗਿਆ। ਪ੍ਰਾਇਮਰੀ ਏ ਡੀ ਐੱਚ ਡੀ ਪਰਿਵਾਰਾਂ ਵਿਚ ਚੱਲਦੀ ਦਿਖਾਈ ਦਿੰਦੀ ਹੈ। ਇਸ ਕਰਕੇ ਇਹ ਪਤਾ ਲਾਉਣ ਵੇਲੇ ਕਿ ਕੀ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਪ੍ਰਾਇਮਰੀ ਹਨ ਜਾਂ ਬੱਚੇ ਦੀ ਮਿਰਗੀ ਨਾਲ ਸੰਬੰਧਿਤ ਹਨ, ਪਰਿਵਾਰ ਦੀ ਹਿਸਟਰੀ ’ਤੇ ਵਿਚਾਰ ਕਰਨਾ ਜ਼ਰੂਰੀ ਹੈ।

ਕਈ ਕਿਸਮਾਂ ਦੀਆਂ ਪ੍ਰਸ਼ਨਾਵਲੀਆਂ/ਦਰਜਾ ਦੇਣ ਵਾਲੇ ਪੈਮਾਨੇ ਹਨ ਜਿਨ੍ਹਾਂ ਦੀ ਵਰਤੋਂ ਸਿਹਤ ਸੇਵਾਵਾਂ ਦੇਣ ਵਾਲੇ ਮਿਰਗੀ ਵਾਲੇ ਬੱਚਿਆਂ ਵਿਚ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਦੇਖਣ ਲਈ ਕਰ ਸਕਦੇ ਹਨ। ਇਹ ਪ੍ਰਸ਼ਨਾਵਲੀਆਂ ਪ੍ਰਾਇਮਰੀ ਏ ਡੀ ਐੱਚ ਡੀ ਦਾ ਪਤਾ ਲਾਉਣ ਲਈ ਤਿਆਰ ਕੀਤੀਆਂ ਗਈਆਂ ਸਨ, ਪਰ ਇਹ ਮਿਰਗੀ ਵਾਲੇ ਲੋਕਾਂ ਵਿਚ ਧਿਆਨ ਦੇਣ ਅਤੇ ਵਤੀਰੇ ਦੀਆਂ ਸਮੱਸਿਆਵਾਂ ਦਾ ਪਤਾ ਲਾਉਣ ਲਈ ਵੀ ਫਾਇਦੇਮੰਦ ਹਨ। ਇਹ ਆਮ ਤੌਰ ’ਤੇ ਭਰਨ ਲਈ ਮਾਪਿਆਂ ਅਤੇ ਟੀਚਰਾਂ ਨੂੰ ਦਿੱਤੀਆਂ ਜਾਂਦੀਆਂ ਹਨ। ਪ੍ਰਾਇਮਰੀ ਏ ਡੀ ਐੱਚ ਡੀ ਆਬਾਦੀਆਂ ਵਿਚ, ਟੀਚਰ, ਜ਼ਿਆਦਾ ਗੰਭੀਰ ਸਮੱਸਿਆਵਾਂ ਦੀ ਰਿਪੋਰਟ ਮਾਪਿਆਂ ਨਾਲੋਂ ਜ਼ਿਆਦਾ ਕਰਦੇ ਹਨ, ਸ਼ਾਇਦ ਇਸ ਕਰਕੇ ਕਿਉਂਕਿ ਵਤੀਰੇ ਦੇ ਸਕੂਲ ਵਿਚ ਘਰ ਨਾਲੋਂ ਵੱਖਰੇ ਮਿਆਰ ਹਨ। ਦਿਲਚਸਪੀ ਨਾਲ, ਬੀ ਸੀ ਚਿਲਡਰਨ’ਜ਼ ਹੌਸਪੀਟਲ ਅਤੇ ਅਲਬਰਟਾ ਚਿਲਡਰਨ’ਜ਼ ਹੌਸਪੀਟਲ ਵਿਚ ਪੂਰੀ ਕੀਤੀ ਗਈ ਇਕ ਤਾਜ਼ਾ ਸਟੱਡੀ ਨੇ ਇਹ ਦਿਖਾਇਆ ਹੈ ਕਿ ਮਿਰਗੀ ਵਾਲੀਆਂ ਆਬਾਦੀਆਂ ਵਿਚ, ਅਸਲ ਵਿਚ ਟੀਚਰਾਂ ਨਾਲੋਂ ਮਾਪਿਆਂ ਨੇ ਏ ਡੀ ਐੱਚ ਡੀ ਦੀਆਂ ਜ਼ਿਆਦਾ ਗੰਭੀਰ ਨਿਸ਼ਾਨੀਆਂ ਬਾਰੇ ਦੱਸਿਆ, ਖਾਸ ਕਰਕੇ ਬੇਧਿਆਨੀ ਵਾਲੇ ਵਤੀਰੇ ਨੂੰ ਦਰਜਾ ਦੇਣ ਵੇਲੇ। ਇਹ ਗੱਲ ਸਪਸ਼ਟ ਨਹੀਂ ਹੈ ਕਿ ਆਮ ਆਬਾਦੀ ਨਾਲੋਂ ਮਿਰਗੀ ਵਾਲੀਆਂ ਆਬਾਦੀਆਂ ਵਿਚ ਮਾਪਿਆਂ ਅਤੇ ਟੀਚਰਾਂ ਵਲੋਂ ਦਿੱਤੇ ਗਏ ਦਰਜੇ ਵੱਖਰੇ ਕਿਉਂ ਹਨ। ਇਹ ਮਿਰਗੀ ਵਾਲੇ ਬੱਚਿਆਂ ਵਿਚ ਵਤੀਰੇ ਦੀਆਂ ਉਮੀਦਾਂ ਵਿਚ ਫਰਕ ਜਾਂ ਇਸ ਚੀਜ਼ ਦਾ ਅਕਸ ਦਿਖਾਉਂਦਾ ਹੋ ਸਕਦਾ ਹੈ ਕਿ ਮਿਰਗੀ ਦੇ ਸੰਦਰਭ ਵਿਚ ਮਾਪੇ ਅਤੇ ਟੀਚਰ ਸਮੱਸਿਆਵਾਂ ਵਾਲੇ ਵਤੀਰੇ ਦੇ ਕਿਵੇਂ ਅਰਥ ਕੱਢਦੇ ਹਨ। ਏ ਡੀ ਐੱਚ ਡੀ ਨੂੰ ਦਰਜਾ ਦੇਣ ਦੇ ਪੈਮਾਨੇ ’ਤੇ ਨੰਬਰ ਕਿਉਂਕਿ ਮਿਰਗੀ ਵਾਲੇ ਬੱਚਿਆਂ ਵਿਚ ਨਿਸ਼ਾਨੀਆਂ ਦੀ ਗੰਭੀਰਤਾ ਨੂੰ ਸਹੀ ਤਰ੍ਹਾਂ ਪਕੜਦੇ ਨਹੀਂ ਹੋ ਸਕਦੇ ਹਨ, ਇਸ ਕਰਕੇ ਮਿਰਗੀ ਵਾਲੀਆਂ ਆਬਾਦੀਆਂ ਵਿਚ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਦਾ ਪਤਾ ਲਾਉਣ ਲਈ ਸਿਹਤ ਸੇਵਾਵਾਂ ਦੇਣ ਵਾਲਿਆਂ ਵਲੋਂ ਜਾਣਕਾਰੀ ਦੇ ਹੋਰ ਸ੍ਰੋਤਾਂ ਦੀ ਵਰਤੋਂ ਕਰਨਾ ਮਹੱਤਵਪੂਰਨ ਹੈ (ਕਲਿਨੀਕਲ ਇੰਟਰਵਿਊਜ਼, ਉਦੇਸ਼ ਦਾ ਟੈੱਸਟ)।

## ਮਿਰਗੀ ਵਿਚ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਪ੍ਰਾਇਮਰੀ ਏ ਡੀ ਐੱਚ ਡੀ ਲਈ ਇਲਾਜ ਦੀਆਂ ਕਈ ਚੰਗੀਆਂ ਚੋਣਾਂ ਹਨ ਜੋ ਕਿ ਮਿਰਗੀ ਨਾਲ ਸੰਬੰਧਿਤ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਦੇ ਇਲਾਜ ਲਈ ਵੀ ਢੁਕਵੀਂਆਂ ਹਨ। ਬੱਚਿਆਂ ਵਿਚ ਏ ਡੀ ਐੱਚ ਡੀ ਦੇ ਇਲਾਜ ਲਈ ਸਭ ਤੋਂ ਅਸਰਦਾਰ ਇਲਾਜ ਦਵਾਈਆਂ ਅਤੇ ਵਤੀਰੇ ਵਿਚ ਸੋਧ ਹਨ, ਅਤੇ ਬਹੁਤ ਸਾਰੇ ਬੱਚਿਆਂ ਨੂੰ ਇਨ੍ਹਾਂ ਦਾ ਸੁਮੇਲ ਮਿਲਦਾ ਹੈ। ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਨੂੰ ਦਵਾਈਆਂ ਨਾਲ ਕਾਬੂ ਵਿਚ ਕਰਨ ਦੇ ਸੰਬੰਧ ਵਿਚ, ਕਈ ਦਵਾਈਆਂ ਹਨ ਜਿਹੜੀਆਂ ਏ ਡੀ ਐੱਚ ਡੀ ਨਿਸ਼ਾਨੀਆਂ ਦੀ ਗੰਭੀਰਤਾ ਘਟਾਉਣ ਵਿਚ ਬਹੁਤ ਅਸਰਦਾਰ ਸਾਬਤ ਹੋਈਆਂ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਦਵਾਈਆਂ ਮਿਰਗੀ ਵਾਲੇ ਲੋਕਾਂ ਵਿਚ ਵਰਤਣੀਆਂ ਸੁਰੱਖਿਅਤ ਹਨ ਅਤੇ ਉਹ ਸੀਜ਼ਰਾਂ ਦਾ ਖਤਰਾ ਨਹੀਂ ਵਧਾਉਂਦੀਆਂ। ਵਤੀਰੇ ਵਿਚ ਸੋਧ ਇਕ ਗੈਰ-ਮੈਡੀਕਲ ਇਲਾਜ ਹੈ ਜੋ ਕਿ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਨੂੰ ਕਾਬੂ ਵਿਚ ਰੱਖਣ ਵਿਚ ਅਸਰਦਾਰ ਹੋ ਸਕਦਾ ਹੈ। ਵਤੀਰੇ ਵਿਚ ਸੋਧ ਲਈ, ਵਤੀਰੇ ਨੂੰ ਕਾਬੂ ਵਿਚ ਰੱਖਣ ਦੀਆਂ ਖਾਸ ਤਕਨੀਕਾਂ ਨੂੰ ਲਗਾਤਾਰ ਲਾਗੂ ਕਰਨਾ ਅਤੇ ਮਾਹੌਲ ਨੂੰ ਅਨਕੂਲ ਬਣਾਉਣਾ ਸ਼ਾਮਲ ਹੋ ਸਕਦੇ ਹਨ ਤਾਂ ਜੋ ਦੂਜਿਆਂ ਨਾਲ ਮੇਲਜੋਲ ਕਰਨ ਲਈ ਨਵੇਂ ਤਰੀਕੇ ਸਿੱਖਣ ਵਿਚ ਕਿਸੇ ਬੱਚੇ ਦੀ ਮਦਦ ਕੀਤੀ ਜਾ ਸਕੇ। ਵਤੀਰੇ ਵਿਚ ਦਖਲਅੰਦਾਜ਼ੀਆਂ ਆਮ ਤੌਰ ’ਤੇ ਘਰ ਅਤੇ ਸਕੂਲ ਵਿਚ ਕੀਤੀਆਂ ਜਾਂਦੀਆਂ ਹਨ, ਇਸ ਕਰਕੇ ਮਾਪਿਆਂ ਅਤੇ ਟੀਚਰਾਂ ਵਿਚਕਾਰ ਨੇੜਿਉਂ ਸਹਿਯੋਗ ਕਾਮਯਾਬੀ ਲਈ ਜ਼ਰੂਰੀ ਹੈ। ਦਵਾਈਆਂ ਅਤੇ ਵਤੀਰੇ ਵਿਚ ਸੋਧ ਦੇ ਇਲਾਜ, ਏ ਡੀ ਐੱਚ ਡੀ ਦੇ ਇਲਾਜ ਵਿਚ ਤਜਰਬਾ ਰੱਖਦੇ ਕਿਸੇ ਸਿਹਤ ਮਾਹਰ ਦੀ ਨਿਗਰਾਨੀ ਹੇਠ ਕੀਤੇ ਜਾਣੇ ਚਾਹੀਦੇ ਹਨ (ਦਵਾਈ ਲਈ ਫੈਮਿਲੀ ਡਾਕਟਰ, ਸਾਇਕਐਟਰਿਸਟ, ਜਾਂ ਨਿਊਰੋਲੋਜਿਸਟ ਅਤੇ ਵਤੀਰੇ ਵਿਚ ਸੋਧ ਲਈ ਸਾਇਕੋਲੋਜਿਸਟ ਜਾਂ ਮੈਂਟਲ ਹੈਲਥ/ਸਕੂਲ ਕੌਂਸਲਰ)। ਖੋਜ ਨੇ ਇਹ ਦਿਖਾਇਆ ਹੈ ਕਿ ਦਵਾਈ ਅਤੇ ਵਤੀਰੇ ਨੂੰ ਕੰਟਰੋਲ ਕਰਨ ਦੀਆਂ ਤਕਨੀਕਾਂ ਦੋਨਾਂ ਦੀ ਰਲ ਕੇ ਵਰਤੋਂ ਕਰਨਾ, ਅਤੇ ਇਸ ਦੇ ਨਾਲ ਏ ਡੀ ਐੱਚ ਡੀ ਬਾਰੇ ਮਾਪੇ/ਬੱਚੇ ਨੂੰ ਸਿੱਖਿਆ ਅਤੇ ਸਕੂਲ ਦੀ ਢੁਕਵੀਂ ਪਲੈਨਿੰਗ, ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਦੇ ਇਲਾਜ ਵਿਚ ਬਹੁਤ ਜ਼ਿਆਦਾ ਅਸਰਦਾਰ ਹੋ ਸਕਦੇ ਹਨ।

ਜੇ ਕੋਈ ਸਿਹਤ ਮਾਹਰ ਇਹ ਨਿਰਣਾ ਕਰਦਾ ਹੈ ਕਿ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਮਿਰਗੀ ਦੀਆਂ ਦਵਾਈਆਂ ਜਾਂ ਸੀਜ਼ਰਾਂ ਦੀ ਦਰ/ਗੰਭੀਰਤਾ ਨਾਲ ਹੋ ਸਕਦੀਆਂ ਜਾਂ ਬਦਤਰ ਹੋ ਸਕਦੀਆਂ ਹਨ ਤਾਂ ਬੱਚੇ ਦੀਆਂ ਸੀਜ਼ਰ ਦੀਆਂ ਦਵਾਈਆਂ ਵਿਚ ਤਬਦੀਲੀਆਂ ਕਰਨ ਨਾਲ ਨਿਸ਼ਾਨੀਆਂ ਵਿਚ ਸੁਧਾਰ ਕਰਨਾ ਸੰਭਵ ਹੋ ਸਕਦਾ ਹੈ। ਕੁਝ ਦਵਾਈਆਂ ਧਿਆਨ ਦੇਣ ਜਾਂ ਵਤੀਰੇ ਦੀਆਂ ਸਮੱਸਿਆਵਾਂ ਵਿਚ ਜ਼ਿਆਦਾ ਵਾਧਾ ਕਰਨ ਵਾਲੀਆਂ ਜਾਣੀਆਂ ਜਾਂਦੀਆਂ ਹਨ ਅਤੇ ਜੇ ਸੰਭਵ ਹੋਵੇ ਤਾਂ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਦਿਖਾਉਣ ਵਾਲੇ ਬੱਚੇ ਵਿਚ ਇਨ੍ਹਾਂ ਤੋਂ ਪਰਹੇਜ਼ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਸੀਜ਼ਰ ਕੰਟਰੋਲ ਨੂੰ ਵੱਧ ਤੋਂ ਵੱਧ ਕਰਨ ਅਤੇ ਸਾਈਡ ਇਫੈਕਟਾਂ ਨੂੰ ਘੱਟ ਤੋਂ ਘੱਟ ਕਰਨ ਲਈ ਦਵਾਈ ਦੀਆਂ ਡੋਜ਼ਾਂ ਨੂੰ ਅਡਜਸਟ ਕਰਨ ਨਾਲ ਏ ਡੀ ਐੱਚ ਡੀ ਦੀਆਂ ਕੁਝ ਨਿਸ਼ਾਨੀਆਂ ਤੋਂ ਰਾਹਤ ਮਿਲ ਸਕਦੀ ਹੈ।

**ਸਾਰਅੰਸ਼**

ਮਿਰਗੀ ਵਾਲੇ ਬੱਚਿਆਂ ਨੂੰ ਏ ਡੀ ਐੱਚ ਡੀ ਦਾ ਖਤਰਾ ਹੈ। ਮਿਰਗੀ ਦੇ ਆਮ ਇਲਾਜ ਅਤੇ ਪ੍ਰਬੰਧ ਦੇ ਹਿੱਸੇ ਵਜੋਂ ਬੇਧਿਆਨੀ ਅਤੇ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਦੀ ਜਾਂਚ ਕਰਨਾ ਮਹੱਤਵਪੂਰਨ ਹੈ। ਧਿਆਨ ਦੇਣ/ਇਕਾਗਰ ਕਰਨ ਅਤੇ ਵਤੀਰੇ ਦੀਆਂ ਸਮੱਸਿਆਵਾਂ ਜਿਨ੍ਹਾਂ ਦਾ ਸਾਹਮਣਾ ਮਿਰਗੀ ਵਾਲੇ ਬੱਚਿਆਂ ਨੂੰ ਆਮ ਕਰਨਾ ਪੈਂਦਾ ਹੈ, ਪ੍ਰਾਇਮਰੀ ਏ ਡੀ ਐੱਚ ਡੀ ਵਿਚ ਦਿਖਾਈ ਦਿੰਦੀਆਂ ਸਮੱਸਿਆਵਾਂ ਵਰਗੀਆਂ ਹੀ ਹਨ, ਭਾਵੇਂ ਕਿ ਇਨ੍ਹਾਂ ਸਮੱਸਿਆਵਾਂ ਦੇ ਕਾਰਨ ਵੱਖਰੇ ਹੋ ਸਕਦੇ ਹਨ। ਪ੍ਰਾਇਮਰੀ ਏ ਡੀ ਐੱਚ ਡੀ ਦੇ ਇਲਾਜ ਲਈ ਵਰਤੇ ਜਾਂਦੇ ਬਹੁਤੇ ਇਲਾਜ, ਮਿਰਗੀ ਵਿਚ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਦੇ ਇਲਾਜ ਲਈ ਵੀ ਅਸਰਦਾਰ ਹੋ ਸਕਦੇ ਹਨ। ਏ ਡੀ ਐੱਚ ਡੀ ਦੇ ਇਲਾਜ ਲਈ ਗੋਲਡ-ਸਟੈਂਡਰਡ ਇਲਾਜ ਵਿਚ ਦਵਾਈਆਂ ਅਤੇ ਵਤੀਰੇ ਵਿਚ ਦਖਲਅੰਦਾਜ਼ੀ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਦੋਵੇਂ ਮਿਰਗੀ ਨਾਲ ਸੰਬੰਧਿਤ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਦੇ ਇਲਾਜ ਲਈ ਸੁਰੱਖਿਅਤ ਅਤੇ ਅਸਰਦਾਰ ਹੋ ਸਕਦੇ ਹਨ। ਸੀਜ਼ਰਾਂ ਦੀ ਦਰ/ਗੰਭੀਰਤਾ ਜਾਂ ਦਵਾਈਆਂ ਨਾਲ ਸੰਬੰਧਿਤ ਏ ਡੀ ਐੱਚ ਡੀ ਦੀਆਂ ਨਿਸ਼ਾਨੀਆਂ ਵਿਚ ਸੁਧਾਰ ਸੀਜ਼ਰ ਦੀਆਂ ਦਵਾਈਆਂ ਦੀ ਕਿਸਮ ਜਾਂ ਡੋਜ਼ ਵਿਚ ਅਡਜਸਟਮੈਂਟਾਂ ਕਰਕੇ ਕੀਤਾ ਜਾ ਸਕਦਾ ਹੈ। ਕਿਸੇ ਵੀ ਉਸ ਫਿਕਰ ਬਾਰੇ ਆਪਣੇ ਬੱਚੇ ਦਾ ਇਲਾਜ ਕਰਨ ਵਾਲੇ ਮਾਹਰ ਨਾਲ ਸਪਸ਼ਟ ਗੱਲ ਕੀਤੀ ਜਾਣੀ ਜ਼ਰੂਰੀ ਹੈ ਜਿਹੜੇ ਤੁਹਾਡੇ ਮਨ ਵਿਚ ਤੁਹਾਡੇ ਬੱਚੇ ਦੇ ਵਤੀਰੇ ਬਾਰੇ ਹੋ ਸਕਦੇ ਹਨ ਅਤੇ ਨਿਸ਼ਾਨੀਆਂ ਘਟਾਉਣ ਅਤੇ ਆਪਣੇ ਬੱਚੇ ਦੀ ਭਲਾਈ ਨੂੰ ਉਤਸ਼ਾਹ ਦੇਣ ਲਈ ਆਪਣੇ ਬੱਚੇ ਦੀ ਹੈਲਥ ਕੇਅਰ ਅਤੇ ਸਕੂਲ ਟੀਮਾਂ ਦੇ ਸਹਿਯੋਗ ਨਾਲ ਕੰਮ ਕੀਤਾ ਜਾਣਾ ਚਾਹੀਦਾ ਹੈ।

**ਏ ਡੀ ਐੱਚ ਡੀ ਅਤੇ ਇਸ ਦੇ ਇਲਾਜ ਬਾਰੇ ਜ਼ਿਆਦਾ ਜਾਣਨ ਲਈ, ਕਿਰਪਾ ਕਰਕੇ ਦੇਖੋ:**

Taking Charge of ADHD: The Complete, Authoritative Guide for Parents (Revised Edition) by Russell A. Barkley

ਸੈਂਟਰ ਫਾਰ ਏ ਡੀ ਐੱਚ ਡੀ ਅਵੇਅਰਨੈੱਸ ਕੈਨੇਡਾ ਦਾ ਵੈੱਬਸਾਈਟ: www.caddac.ca
ਚਿਲਡਰਨ ਐਂਡ ਅਡੱਲਟ ਵਿਦ ਏ ਡੀ ਐੱਚ ਡੀ ਦਾ ਵੈੱਬਸਾਈਟ: www.chadd.org

**ਹਵਾਲੇ**

Dunn, DW & Kronenberger, WG (2006) Childhood epilepsy, attention problems, and ADHD: Review and practical considerations. Seminars in Pediatric Neurology, 12:222-228.
Sherman, EMS, Brooks, BL, Akdag, S, Connolly, M, & Wiebe, S (2010) Parents report more ADHD symptoms than do teachers in children with epilepsy. Epilepsy & Behaviour, 19:428-435.

**ਇਹ ਆਰਟੀਕਲ ਮੁਢਲੇ ਤੌਰ 'ਤੇ ਫਾਲ 2011 ਦੇ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਨਿਊਜ਼ਲੈਟਰ ਵਿਚ ਛਪਿਆ ਸੀ**

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**
**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617 info@bcepilepsy.com www.bcepilepsy.com**